**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਕਮ ਸਟੇਟ**
**ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**
**ਐਸ.ਸੀ.ਓ 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ**
**ਫੋਨ ਨੰ: 0172-2623206, 2623207**

---

ਸੇਵਾ ਵਿਖੇ

ਸਮੂਹ ਡਿਪਟੀ ਕਮਿਸ਼ਨਰ
ਪੰਜਾਬ

ਮੀਮੋ ਨੰ:- SSA/DEC/BEDC/10/43918-937
ਮਿਤੀ: ਚੰਡੀਗੜ੍ਹ 25-06-2010

**ਵਿਸ਼ਾ** **ਬਲਾਕ ਸਿੱਖਿਆ ਵਿਕਾਸ ਕਮੇਟੀਆਂ (ਬੀ.ਈ.ਡੀ.ਸੀ.ਜ਼) ਦੀ ਮਹੀਨਾਵਾਰ ਮੀਟਿੰਗ ਸਬੰਧੀ।**

**ਹਵਾਲਾ:** **ਏ.ਐਸ.ਪੀ.ਡੀ. (ਪੈਡਾਗੋਜ਼ੀ)/2009/057792-057811, ਮਿਤੀ: 10/08/2009**

1.0 ਹਵਾਲਾ ਅਧੀਨ ਪੱਤਰ ਦੀ ਲਗਾਤਾਰਤਾ ਵਿੱਚ ਆਪ ਜੀ ਦੀ ਜਾਣਕਾਰੀ ਹਿੱਤ ਮੁੜ ਲਿਖਿਆ ਜਾਂਦਾ ਹੈ ਕਿ ਸਰਵ ਸਿੱਖਿਆ ਅਭਿਆਨ ਅਧੀਨ ਸ਼ੁਰੂ ਤੋਂ ਹੀ ਬਲਾਕ ਸਿੱਖਿਆ ਵਿਕਾਸ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ। ਇਨ੍ਹਾਂ ਕਮੇਟੀਆਂ ਦੇ ਚੇਅਰਮੈਨ ਸਬੰਧਤ ਬਲਾਕ ਦੇ ਸਬ-ਡਿਵੀਜਨਲ ਮੈਜੀਸਟੇਰੇਟ ਅਤੇ ਮੈਂਬਰ ਸਕੱਤਰ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਹਨ।

2.0 ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਦੀ ਪ੍ਰਗਤੀ ਨੂੰ ਰਿਵਿਊ ਕਰਨ ਲਈ ਇਨ੍ਹਾਂ ਕਮੇਟੀਆਂ ਦੀ ਮੀਟਿੰਗ ਮਹੀਨੇ ਵਿੱਚ ਘੱਟੋਂ-ਘੱਟ ਇਕ ਵਾਰ ਹੋਣਾ ਲਾਜ਼ਮੀ ਹੈ।

3.0 ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਨਾਲ ਹੋਈ ਮੀਟਿੰਗ ਦੌਰਾਨ ਇਹ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਬੀ.ਈ.ਡੀ.ਸੀ.ਜ਼ ਦੀਆਂ ਮੀਟਿੰਗਜ਼ ਰੈਗਲੂਰ ਤੌਰ ਤੇ ਨਹੀਂ ਹੋ ਰਹੀਆਂ।

4.0 ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਮੂਹ ਐਸ.ਡੀ.ਐਮ.ਜ਼ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ ਤਾਂ ਜੋ ਉਹ ਹਰ ਮਹੀਨੇ ਬਲਾਕ ਸਿੱਖਿਆ ਵਿਕਾਸ ਕਮੇਟੀ ਦੀ ਮੀਟਿੰਗ ਕਰਨ ਅਤੇ ਮੀਟਿੰਗ ਦੀ ਕਾਰਵਾਈ ਰਿਪੋਰਟ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਨੂੰ ਭੇਜਣ।

**ਸਹੀ/-**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**

ਪਿੰਠ ਅੰਕਣ ਨੰ: SSA/DEC/BEDC/10/43938-957 ਮਿਤੀ: 25-06-2010

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

- ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
- ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ (ਵੈੱਬ ਸਾਈਟ ਰਾਹੀਂ)

**ਸਹੀ/-**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**